# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ,
ਚੌਥੀ ਮੰਜਿਲ, ਐਸ.ਏ.ਐਸ.ਨਗਰ
*(ਸੈਕੰਡਰੀ ਸਿੱਖਿਆ ਸ਼ਾਖਾ)*

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)
ਸਮੂਹ ਸਕੂਲ ਮੁੱਖੀ/ਅਧਿਆਪਕ (ਵੈਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: 15/1-20 ਸੈ:ਸਿ (2)/2020165972
ਮਿਤੀ: 17-07-2020

ਵਿਸ਼ਾ: **ਅਧਿਆਪਕ ਸਟੇਟ ਅਵਾਰਡ -2020 ਲਈ ਆਨਲਾਈਨ ਵੈਬਸਾਈਟ epunjabschool.gov.in ਤੇ ਮਿਤੀ 18.07.2020 ਤੋ 30.7.2020 ਤੱਕ ਨਾਮੀਨੇਸ਼ਨ ਕਰਨ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਸਿੱਖਿਆ ਵਿਭਾਗ ਵਲੋਂ ਪਿਛਲੇ ਸਾਲ ਦੀ ਤਰ੍ਹਾਂ ਅਧਿਆਪਕ ਸਟੇਟ ਅਵਾਰਡ ਲਈ ਆਨਲਾਈਨ ਨਾਮੀਨੇਸ਼ਨ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

**<u>Nomination for the Award</u>:** ਅਧਿਆਪਕ ਸਟੇਟ ਅਵਾਰਡ ਲਈ ਆਨਲਾਈਨ ਨਾਮੀਨੇਸ਼ਨ ਵੈਬਸਾਈਟ **epunjabschool.gov.in** ਤੇ ਮਿਤੀ 18.07.2020 ਤੋ 30.07.2020 ਤੱਕ ਕਰਨੀ ਜਰੂਰੀ ਹੈ। ਪੋਰਟਲ ਤੇ ਹਰ ਸਟਾਫ ਦਾ ਵੱਖਰਾ ਆਈ-ਡੀ ਪਹਿਲਾਂ ਹੀ ਸਾਰੇ ਅਧਿਆਪਕਾਂ/ ਸਕੂਲ ਮੁੱਖੀਆਂ ਨੂੰ ਮਿਲਿਆ ਹੋਇਆ ਹੈ। ਉਸਦੇ ਰਾਹੀਂ ਲਾਗ-ਇਨ ਕਰਕੇ ਕਿਸੇ ਵੀ ਅਧਿਆਪਕ/ਸਕੂਲ ਮੁੱਖੀ ਦੀ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ। ਪਿਛਲੇ ਸਾਲ ਦੀ ਤਰ੍ਹਾਂ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਕਿ ਕੋਈ ਵੀ ਅਧਿਆਪਕ/ ਸਕੂਲ ਮੁੱਖੀ ਖੁਦ ਸਟੇਟ ਅਵਾਰਡ ਲਈ ਅਪਲਾਈ ਨਹੀਂ ਕਰੇਗਾ। ਕਿਸੇ ਵੀ ਅਧਿਆਪਕ /ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਕੋਈ ਵੀ ਦੂਸਰਾ ਅਧਿਆਪਕ/ ਸਕੂਲ ਮੁੱਖੀ/ ਇੰਚਾਰਜ ਨਾਮੀਨੇਸ਼ਨ ਕਰ ਸਕਦਾ ਹੈ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ, ਜਿਲ੍ਹਾ ਸਿੱਖਿਆ ਅਫਸਰ / ਸਹਾਇਕ ਡਾਇਰੈਕਟਰ/ ਡਿਪਟੀ ਡਾਇਰੈਕਟਰ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ/ ਸਿੱਖਿਆ ਸਕੱਤਰ ਜੀ ਵੱਲੋ ਕਿਸੇ ਵੀ ਅਧਿਆਪਕ/ ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ।ਇਸ ਸਬੰਧੀ ਜੋ ਵੀ ਅਧਿਆਪਕ/ ਸਕੂਲ ਮੁੱਖੀ/ ਉੱਚ ਅਧਿਕਾਰੀ, ਜਿਸ ਅਧਿਆਪਕ/ ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕਰਨਗੇ, ਉਹ ਉਸ ਅਧਿਆਪਕ/ ਸਕੂਲ ਮੁੱਖੀ ਬਾਰੇ ਸਿਰਫ ਆਪਣੇ ਹੱਥ ਲਿਖਤ ਵਿੱਚ ਘੱਟੋ-ਘੱਟ 250 ਸ਼ਬਦਾਂ ਵਿੱਚ ਲਿਖਣਗੇ ਕਿ ਉਹ ਉਸ ਅਧਿਆਪਕ/ ਸਕੂਲ ਮੁੱਖੀ ਦੀ ਨਾਮੀਨੇਸ਼ਨ ਕਿਉਂ ਕਰਨਾ ਚਾਹੁੰਦੇ ਹਨ ਅਤੇ ਉਪਰੋਕਤ ਵੈਬਸਾਈਟ ਵਿੱਚ ਹੱਥ ਲਿਖਤ ਨੂੰ ਅਪਲੋਡ ਕਰਨਗੇ।

**<u>Eligibility:</u>** ਸਾਰੇ ਸਕੂਲ ਮੁੱਖੀ/ ਇੰਚਾਰਜ ਅਤੇ ਅਧਿਆਪਕ, ਜਿਨ੍ਹਾਂ ਦੀ ਰੈਗੂਲਰ ਤੌਰ ਤੇ ਸਰਵਿਸ ਅਪਲਾਈ ਕਰਨ ਦੀ ਮਿਤੀ ਤੱਕ ਘੱਟੋ -ਘੱਟ 10 ਸਾਲ ਪੂਰੀ ਹੋ ਚੁੱਕੀ ਹੈ, ਉਹਨਾਂ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੋ ਅਧਿਆਪਕ ਸੋਸਾਇਟੀਜ ਜਿਵੇਂ SSA, RMSA, PICTES ਅਧੀਨ ਕੰਮ ਕਰ ਰਹੇ ਹਨ, ਉਹਨਾਂ ਦੀ ਨਾਮੀਨੇਸ਼ਨ ਵੀ ਕੀਤੀ ਜਾ ਸਕਦੀ ਹੈ, ਜੇਕਰ ਉਹ ਉਪਰੋਕਤ 10 ਸਾਲ ਦੀ ਰੈਗੂਲਰ ਸਰਵਿਸ ਦੀ ਸ਼ਰਤ ਪੂਰੀ ਕਰਦੇ ਹੋਣਗੇ।

**Processing of the Nominations:** ਵੈਬ ਪੋਰਟਲ ਰਾਹੀਂ ਪ੍ਰਾਪਤ ਕੀਤੀਆਂ ਸਾਰੀਆਂ ਨਾਮੀਨੇਸ਼ਨਜ਼ MIS Wing ਵੱਲੋ ਸ਼ਾਰਟਲਿਸਟ ਕੀਤੀਆਂ ਜਾਣਗੀਗਾਂ। ਜਿਲ੍ਹਾ ਵਾਰ ਸ਼ਾਰਟਲਿਸਟ ਕੀਤੀਆਂ ਨਾਮੀਨੇਸ਼ਨਜ਼ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਭੇਜੀਆਂ ਜਾਣਗੀਆਂ। ਜਿਲ੍ਹਾ ਸਿੱਖਿਆ ਅਫਸਰ ਵੱਲੋਂ ਦੁਬਾਰਾ ਇਹਨਾਂ ਨਾਮੀਨੇਸ਼ਨਜ਼ ਦਾ ਮੁਲਅੰਕਣ ਕੀਤਾ ਜਾਵੇਗਾ ਅਤੇ ਜੇਕਰ ਜਿਲ੍ਹਾ ਸਿੱਖਿਆ ਅਫਸਰ ਨੂੰ ਲਗਦਾ ਹੈ ਕਿ ਕਿਸੇ ਵੀ deserving ਮਿਹਨਤੀ ਅਧਿਆਪਕ/ ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਰਹਿ ਗਈ ਹੈ ਤਾਂ ਉਹ ਸ਼ਾਰਟਲਿਸਟ ਕੀਤੀਆਂ ਅਰਜੀਆਂ ਦਾ 10 ਪ੍ਰਤੀਸ਼ਤ ਹੋਰ ਅਧਿਆਪਕ/ਸਕੂਲ ਮੁੱਖੀਆਂ ਦੀ ਨਾਮੀਨੇਸ਼ਨ ਖੁਦ ਕਰ ਸਕਦੇ ਹਨ। ਜਿਲ੍ਹਾ ਸਿੱਖਿਆ ਅਫਸਰ ਵੱਲੋ ਵੀ ਨਾਮੀਨੇਟ ਕੀਤੇ ਅਧਿਆਪਕ/ ਸਕੂਲ ਮੁੱਖੀਆਂ ਲਈ ਸਿਰਫ ਆਪਣੇ ਹੱਥ ਲਿਖਤ ਵਿੱਚ ਘੱਟੋ-ਘੱਟ 250 ਸ਼ਬਦਾਂ ਵਿੱਚ ਲਿਖਣਾ ਜਰੂਰੀ ਹੈ ਅਤੇ ਉਹਨਾਂ ਨੂੰ ਵੈਬ ਪੋਰਟਲ ਤੇ ਅਪਲੋਡ ਕਰਨ ਦੀ ਜਿੰਮੇਵਾਰੀ ਵੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

**Screening Criteria** : ਜਿਲ੍ਹਾ ਸਿੱਖਿਆ ਅਫਸਰ ਵੱਲੋ ਸ਼ਾਰਟਲਿਸਟ ਕੀਤੇ ਗਏ ਅਧਿਆਪਕ/ ਸਕੂਲ ਮੁੱਖੀਆਂ ਦੀ ਆਪਣੇ ਜਿਲ੍ਹੇ ਨਾਲ ਸਬੰਧਤ ਅਰਜੀਆਂ ਦੀ Screening ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਹਨਾਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਚਾਰਜਸ਼ੀਟ (ਰੂਲ 8 ਅਧੀਨ), Sexual Exploitation/ Harassment ਦਾ ਕੋਈ ਕੇਸ ਪੈਡਿੰਗ ਨਹੀਂ ਹੈ।

ਸਾਰੇ ਜਿਲ੍ਹਿਆਂ ਵਲੋਂ ਸ਼ਾਰਟਲਿਸਟ ਅਤੇ ਰਿਕਮੈਂਡ ਕੀਤੇ ਅਧਿਆਪਕਾਂ / ਸਕੂਲ ਮੁੱਖੀਆਂ ਨੂੰ ਫਾਈਨਲ ਸਲੈਕਸ਼ਨ ਤੋ ਪਹਿਲਾਂ ਸਟੇਟ ਲੈਵਲ ਦੀ ਜਿਊਰੀ ਅੱਗੇ ਪਰਜੈਨਟੇਸ਼ਨ ਦੇਣੀ ਹੋਵੇਗੀ। ਪਰਜੈਨਟੇਸ਼ਨ ਦੀ ਮਿਤੀ/ ਵਿਧੀ ਸਬੰਧੀ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਸਟੇਟ ਲੈਵਲ ਦੀ ਜਿਊਰੀ ਵੱਲੋਂ ਸਲੈਕਟ ਕੀਤੇ ਅਧਿਆਪਕਾਂ/ਸਕੂਲ ਮੁੱਖੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ (5 ਸਤੰਬਰ 2020) ਦੇ ਮੌਕੇ ਤੇ ਸਟੇਟ ਅਵਾਰਡ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)